# ਅਵਾਮੀ ਕਲਾ ਦੇ ਕੇਂਦਰ ਦੀ ਸਥਾਪਨਾ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਇਸ ਕੇਂਦਰ ਦੀ ਸਥਾਪਨਾ 6 ਮਈ, 2000 ਨੂੰ ਚੰਡੀਗੜ੍ਹ ਵਿਚ ਕੀਤੀ ਗਈ ਹੈ। ਉਂਜ ਤਾਂ ਭਾਰਤ ਦਾ ਸਮੁੱਚਾ ਸਮਾਜ ਇਕ ਨਾਬਰਾਬਰੀ ਅਤੇ ਵਿਤਕਰੇ ਭਰਿਆ ਸਮਾਜ ਹੈ ਪਰ ਚੰਡੀਗੜ੍ਹ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਨਾਬਰਾਬਰੀ ਇਥੇ ਨੰਗੇ-ਚਿੱਟੇ ਰੂਪ ਵਿਚ ਰੂਪਮਾਨ ਹੈ। ਰੱਜੇ-ਪੁੱਜੇ ਲੋਕਾਂ ਦੀਆਂ ਜੀਵਨ ਸਹੂਲਤਾਂ ਅਤੇ ਸਾਧਾਰਨ ਲੋਕਾਂ ਦੀਆਂ ਜੀਵਨ ਸਹੂਲਤਾਂ ਵਿਚ ਜ਼ਮੀਨ ਆਸਮਾਨ ਦਾ ਫਰਕ ਹੈ। ਵੱਡੇ ਲੋਕਾਂ ਦੇ ਕਾਕੇ ਚਾਰ-ਚਾਰ ਲੱਖੀ ਕਾਰਾਂ ਵਿਚ ਘੁੰਮਦੇ ਸੜਕਾਂ 'ਤੇ ਖਰੂਦ ਕਰਦੇ ਫਿਰਦੇ ਹਨ, ਦੂਜੇ ਪਾਸੇ ਗਰੀਬਾਂ ਦੇ ਬੱਚੇ ਨੰਗ-ਧੜੰਗੇ ਸੜਕਾਂ 'ਤੇ ਰੁਲਣ ਲਈ ਮਜਬੂਰ ਹਨ। ਵੱਡਿਆਂ ਦੀ ਆਮ ਟਿੱਪਣੀ ਹੈ ਕਿ ਇਨ੍ਹਾਂ ਗਰੀਬ/ਪਰਵਾਸੀਆਂ ਨੇ ਗੰਦ ਬੜਾ ਪਾਇਆ ਹੋਇਆ ਹੈ। ਇਹ ਟਿੱਪਣੀ ਕਰਨ ਵਾਲੇ ਭੁੱਲ ਜਾਂਦੇ ਹਨ ਜੇ ਇਕ ਕੋਠੀ ਵਿਚ ਸਿਰਫ ਤਿੰਨ ਜੀਵ ਰਹਿੰਦੇ ਹੋਣ ਤੇ ਗਰੀਬ ਬਸਤੀ ਵਿਚ ਉਨੀ ਹੀ ਥਾਂ 300 ਜੀਵ ਵਸਦੇ ਹੋਣ ਤਾਂ ਗੰਦ ਪੈਣਾ ਹੀ ਪੈਣਾ ਹੈ। ਇਸ ਸਾਰੀ ਨਾਬਰਾਬਰੀ ਦਾ ਪ੍ਰਗਟਾਵਾ ਰਹਿਣ-ਸਹਿਣ ਦੀ ਕਲਚਰ ਵਿਚ ਵੀ ਹੈ ਅਤੇ ਅਖਬਾਰਾਂ ਦੀ ਕਲਚਰ ਵਿਚ ਵੀ ਹੈ। ਇਹ ਕਲਾ ਦੇ ਖੇਤਰ ਵਿਚ ਵੀ ਹੈ।

ਚੰਡੀਗੜ੍ਹ, ਹੁਣ ਪ੍ਰੈਸ ਦਾ ਇਕ ਵੱਡਾ ਕੇਂਦਰ ਹੈ। ਅੰਗਰੇਜ਼ੀ, ਹਿੰਦੀ, ਪੰਜਾਬੀ ਦੀਆਂ ਅਖਬਾਰਾਂ ਵੱਡੀ ਗਿਣਤੀ ਵਿਚ ਮੁਹੱਈਆ ਹਨ। ਪੰਜਾਬੀ ਅਖਬਾਰਾਂ ਨੂੰ ਥੋੜ੍ਹਾ ਛੱਡ ਕੇ ਜੇਕਰ ਹਿੰਦੀ ਅਤੇ ਅੰਗਰੇਜ਼ੀ ਅਖਬਾਰਾਂ 'ਤੇ ਨਜ਼ਰ ਮਾਰੀਏ ਤਾਂ ਫੈਸ਼ਨ ਕੁੜੀਆਂ ਦੀਆਂ ਤਸਵੀਰਾਂ ਨਾਲ ਸਫੇ ਦੇ ਸਫੇ ਭਰੇ ਹੁੰਦੇ ਹਨ। ਇਨ੍ਹਾਂ ਕੁੜੀਆਂ ਦੇ ਬਿਆਨ ਸੁਰਖੀਆਂ ਵਿਚ ਇਸ ਤਰ੍ਹਾਂ ਦਿੱਤੇ ਜਾਂਦੇ ਹਨ ਜਿਸ ਤਰ੍ਹਾਂ ਇਹ ਕਿਸੇ ਪੈਗੰਬਰ ਦੀਆਂ ਟੂਕਾਂ ਹੋਣ। ਇਨ੍ਹਾਂ ਬਿਆਨਾਂ ਦਾ ਆਮ ਜ਼ਿੰਦਗੀ ਨਾਲ ਕੋਈ ਸਬੰਧ ਨਹੀਂ ਪਰ ਕਿਉਂਕਿ ਇਹ ਉਨ੍ਹਾਂ ਮੁੰਡੇ-ਕੁੜੀਆਂ ਵਲੋਂ ਹਨ, ਜਿਹੜੇ 'ਸਟਾਰ' ਦਾ ਦਰਜਾ ਰੱਖਦੇ ਹਨ, ਇਸ ਲਈ ਇਨ੍ਹਾਂ ਨੂੰ ਅਖਬਾਰਾਂ ਵਿਚ ਥਾਂ ਦੇਣੀ ਜ਼ਰੂਰੀ ਹੈ। ਨਤੀਜੇ ਵਜੋਂ ਸਾਧਾਰਨ ਬੰਦਾ ਇਕ ਨਿਗੂਣਾ ਬੰਦਾ ਹੋ ਕੇ ਰਹਿ ਗਿਆ ਹੈ। ਇਸ ਖਪਤ ਕਲਚਰ ਦਾ ਮੁਕਾਬਲਾ ਕਰਨ ਲਈ ਹੀ ਚੰਡੀਗੜ੍ਹ ਵਿਚ 'ਅਵਾਮੀ ਕਲਾ ਦੇ ਕੇਂਦਰ' ਦੀ ਸਥਾਪਨਾ ਕੀਤੀ ਗਈ ਹੈ। ਇਹਦੀ ਥਾਂ ਦੀ ਚੋਣ ਵੀ ਗਰੀਬ ਇਲਾਕੇ ਬੁੜੈਲ ਸੈਕਟਰ 45 ਵਿਚ ਕੀਤੀ ਗਈ ਹੈ। ਇਥੇ ਇਕ ਭੁਪਾਲ ਸਿੰਘ ਸਟੇਡੀਅਮ ਹੈ, ਜੋ ਕਿਸੇ ਵੇਲੇ ਬੁੜੈਲ ਪਿੰਡ ਦੇ ਲੋਕਾਂ ਨੇ ਚਮਨ ਲਾਲ ਸਰਪੰਚ ਦੀ ਅਗਵਾਈ ਵਿਚ ਬਣਾਇਆ ਸੀ ਪਰ ਪੰਚਾਇਤ ਦੇ ਭੰਗ ਹੋਣ 'ਤੇ ਜਦੋਂ ਬੁੜੈਲ, ਚੰਡੀਗੜ੍ਹ ਦਾ ਭਾਗ ਬਣ ਗਿਆ ਤਾਂ ਇਹ ਥਾਂ ਉੱਜੜ-ਪੁੱਜੜ ਗਈ ਜਿਸ ਤਰ੍ਹਾਂ ਗਰੀਬਾਂ ਦੀਆਂ ਥਾਵਾਂ ਇਸ ਸ਼ਹਿਰ ਵਿਚ ਉੱਜੜ ਜਾਂਦੀਆਂ ਹਨ। 6 ਮਈ ਇਸੇ ਥਾਂ ਨੂੰ ਸੰਵਾਰ ਕੇ ਇਥੇ ਨਾਟਕਾਂ ਅਤੇ ਗੀਤਾਂ ਦੀ ਅਵਾਮੀ ਕਲਾ ਦੀ ਪ੍ਰਦਰਸ਼ਨੀ ਕੀਤੀ ਗਈ।

ਅਵਾਮੀ ਕਲਾ ਕੀ ਹੈ ? ਇਹਦੀ ਬੜੀ ਹੀ ਸਪਸ਼ਟ ਪਰਿਭਾਸ਼ਾ ਹੈ। ਇਹ ਜਿਥੇ ਆਮ ਲੋਕਾਂ ਦੇ ਦੁੱਖਾਂ ਤਕਲੀਫਾਂ ਦੀ ਗੱਲ ਕਰਦੀ ਹੈ, ਉਥੇ ਉਨ੍ਹਾਂ ਨੂੰ ਇਸ ਨਾਬਰਾਬਰੀ ਵਾਲੇ ਸਮਾਜ ਨੂੰ ਖਤਮ ਕਰਨ ਦੀ ਪ੍ਰੇਰਨਾ ਦਿੰਦੀ ਹੈ। ਇਹ ਵਿਸ਼ਵਾਸ ਵਾਲੀ ਕਲਾ ਹੈ। ਇਹ ਉੱਚੇ ਸੁਰ ਵਾਲੀ ਕਲਾ ਹੈ, ਇਸ ਲਈ ਇਹਦੇ ਵਿਰੋਧੀ ਇਹਨੂੰ ਨਾਅਰਾ ਆਖ ਕੇ ਨਕਾਰਦੇ ਹਨ। ਇਸ ਸੰਦਰਭ ਵਿਚ ਕਾਜ਼ੀ ਨਜ਼ਰੁਲ ਇਸਲਾਮ ਦੀ ਇਕ ਕਵਿਤਾ ਦੀ ਟੂਕ ਇਥੇ ਦਿੱਤੀ ਹੈ:-

**ਮੈਂ ਵਿਦਰੋਹੀ ਵੀਰ,**<br>
**ਬੁਲੰਦ ਹੈ ਮੇਰਾ ਮੱਥਾ**<br>
**ਹਿਮਾਲਿਆ ਦੇ ਸਿਖਰ 'ਤੇ**<br>
**ਉੱਚਾ ਹੈ ਮੇਰਾ ਸਿਰ**

ਅਤੇ ਇਸ ਕਵਿਤਾ ਦਾ ਅੰਤ ਇਸ ਸੰਦੇਸ਼ ਨਾਲ ਹੁੰਦਾ ਹੈ:-

**ਮੈਂ ਮਹਾਂ ਵਿਦਰੋਹੀ ਰਣ**<br>
**ਕਲਾਂਤ**<br>
**ਮੈਂ ਉਸ ਦਿਨ ਹੋਊਂਗਾ**<br>
**ਸ਼ਾਂਤ**<br>
**ਜਦੋਂ ਅਤਿਆਚਾਰੀਆਂ ਦੀਆਂ ਤਲਵਾਰਾਂ**<br>
**ਨਹੀਂ ਹੋਣਗੀਆਂ**<br>
**ਦੁਖੀਆਂ ਦੀਆਂ ਚੀਕਾਂ ਚਹਾੜਾਂ**<br>
**ਨਹੀਂ ਹੋਣਗੀਆਂ**

ਇਹ ਵਿਸ਼ਵਾਸ ਦੀ ਕਲਾ ਹੈ। ਕਹਿਣ ਵਾਲੇ ਇਸ ਨੂੰ 'ਨਾਅਰਾ' ਵੀ ਆਖ ਸਕਦੇ ਹਨ। ਕਾਜ਼ੀ ਉੱਚੀ ਆਵਾਜ਼ ਵਿਚ ਹੋਕਾ ਦਿੰਦਾ ਹੈ:-

**ਤੋੜ ਦਿਓ ਲੋਹ ਦਰਵਾਜ਼ੇ ਜੇਲ੍ਹਾਂ ਦੇ**<br>
**ਫਨਾਹ ਕਰ ਦਿਓ ਲਹੂ ਗੜੁੱਚੀ ਵੇਦੀ ਨੂੰ**<br>
**ਜਿਸ ਨੂੰ ਗੱਡਿਆ ਗਿਆ ਹੈ ਬੰਧਨਾਂ**<br>
**ਦੀ ਦੇਵੀ ਦੀ ਪੂਜਾ ਲਈ।**

ਅਵਾਮੀ ਕਲਾ ਨੂੰ ਉਨ੍ਹਾਂ ਆਲੋਚਕਾਂ ਤੋਂ ਖਬਰਦਾਰ ਰਹਿਣਾ ਪਵੇਗਾ ਜਿਹੜੇ ਉਨ੍ਹਾਂ ਦੀ ਕਲਾ ਨੂੰ ਨਾਅਰਾ ਆਖ ਕੇ ਨਜ਼ਰਅੰਦਾਜ਼ ਕਰਦੇ ਹਨ। ਅਵਾਮੀ ਕਲਾ ਦੀ ਸੁਰ ਉੱਚੀ ਹੋਣੀ ਹੀ ਹੋਣੀ ਹੈ। ''ਜਗਾਓ ਉਨ੍ਹਾਂ ਨੂੰ ਰੋਸ਼ਨੀ ਦੀ ਚਕਾਚੌਂਧ ਨਾਲ, ਜਿਹੜੇ ਅਧਸੁੱਤੇ ਹਨ।'' ਅਵਾਮੀ ਕਲਾ ਕੇਂਦਰ ਦੀ ਸਥਾਪਨਾ ਇਸੇ ਨਿਸ਼ਾਨੇ ਲਈ ਕੀਤੀ ਗਈ ਹੈ।

ਚੰਡੀਗੜ੍ਹ ਦੇ ਅਵਾਮੀ ਕਲਾ ਕੇਂਦਰ ਦੇ ਸਤਾਰਾਂ ਪ੍ਰਬੰਧਕੀ ਅਤੇ ਕਲਾਕਾਰ ਮੈਂਬਰ ਹਨ। ਬੁੜੈਲ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ 20 ਦਿਨ ਰੀਹਰਸਲ ਕਰਕੇ ਉਨ੍ਹਾਂ ਨੇ ਤਿੰਨ ਨਾਟਕ 'ਗਦਰ ਤੋਂ ਇਨਕਲਾਬ ਤਕ', 'ਸਮਾਜ' ਅਤੇ 'ਟੋਆ' ਤਿਆਰ ਕੀਤੇ ਅਤੇ ਨਾਲ ਹੀ ਗੀਤ 'ਹਮ ਹੋਂਗੇ ਕਾਮਯਾਬ' ਤਿਆਰ ਕੀਤਾ। ਇਹ ਦੋ ਘੰਟੇ ਦਾ ਪ੍ਰੋਗਰਾਮ ਜਦੋਂ ਭੁਪਾਲ ਸਿੰਘ ਸਟੇਡੀਅਮ ਵਿਚ 6 ਮਈ ਨੂੰ ਕੀਤਾ ਗਿਆ ਤਾਂ ਜਿਸ ਜੋਸ਼ ਅਤੇ ਉਤਸ਼ਾਹ ਨਾਲ ਢਾਈ ਹਜ਼ਾਰ ਤੋਂ ਵੱਧ ਦਰਸ਼ਕਾਂ ਨੇ, ਜਿਨ੍ਹਾਂ ਵਿਚ ਅੱਧੀਆਂ ਤੋਂ ਵੱਧ ਔਰਤਾਂ ਸਨ, ਸਵਾਗਤ ਕੀਤਾ, ਉਸ ਨੇ ਅਵਾਮੀ ਕਲਾ ਕੇਂਦਰ ਦੇ ਕਲਾਕਾਰਾਂ ਦਾ ਬੜਾ ਹੌਸਲਾ ਵਧਾਇਆ ਹੈ। ਹੁਣ ਉਨ੍ਹਾਂ ਵਲੋਂ 6 ਜੁਲਾਈ ਨੂੰ ਇਸੇ ਸਟੇਡੀਅਮ ਵਿਚ ਇਕ ਵੱਡਾ ਪ੍ਰੋਗਰਾਮ ਤਿਆਰ ਕੀਤਾ ਜਾ ਰਿਹਾ ਹੈ ਜਿਸ ਪ੍ਰੋਗਰਾਮ ਵਿਚ ਸਿਰਫ ਇਕ ਨਾਟਕ ਅਤੇ ਪੰਜ ਗੀਤਾਂ 'ਤੇ ਆਧਾਰਤ ਕੋਰੀਓਗ੍ਰਾਫੀਆਂ ਸ਼ਾਮਲ ਹੋਣਗੀਆਂ, ਗੀਤ ਹੋਣਗੇ। 'ਮਸ਼ਾਲਾਂ ਲੈ ਕੇ ਚੱਲੋ, ਜਦੋਂ ਤਕ ਰਾਤ ਬਾਕੀ ਹੈ' (ਮਹਿੰਦਰ ਸਾਥੀ), 'ਹਰ ਦਿਲ ਮੇਂ ਬਗਾਵਤ ਕੇ ਸ਼ੋਅਲੋਂ ਕੋ ਜਗਾ ਦੇਂਗੇ, ਹਮ ਜੈਂਗੇ ਅਵਾਮੀ ਸੇ ਕੁਹਰਾਮ ਮਚਾ ਦੇਂਗੇ' (ਜਗਮੋਹਣ ਜੋਸ਼ੀ), 'ਵੋਹ ਸੁਬਹ ਕਭੀ ਤੋ ਆਏਗੀ, ਵੋਹ ਸੁਬਹ ਹਮੀਂ ਤੋ ਲਾਏਂਗੇ' (ਸ਼ਾਇਰ ਲੁਧਿਆਣਵੀ) ਅਤੇ 'ਛੱਟਾ ਚਾਨਣਾਂ ਦਾ ਦੇਈਂ ਜਾਣਾ' (ਸੁਰਿੰਦਰ ਗਿੱਲ)। ਕਲਾਕਾਰ ਦਿਨ-ਰਾਤ ਇਹਦੀ ਤਿਆਰੀ ਕਰ ਰਹੇ ਹਨ।

ਚੰਡੀਗੜ੍ਹ, ਜੋ ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਹੈ ਅਤੇ ਯੂ.ਟੀ. ਦਾ ਇਸ ਦਾ ਆਪਣਾ ਦਰਜਾ ਹੈ। ਉੱਤਰੀ ਜ਼ੋਨ ਵਿਚ ਇਕ ਕਲਾ ਦਾ ਕੇਂਦਰ ਹੋ ਕੇ ਉਭਰ ਰਿਹਾ ਹੈ। ਹੁਣ ਤਕ ਇਸ ਸ਼ਹਿਰ ਦੀਆਂ ਕਲਾ ਸਰਗਰਮੀਆਂ ਕੁਝ ਸੈਕਟਰਾਂ ਤਕ ਹੀ ਮਹਿਦੂਦ ਰਹੀਆਂ ਹਨ ਪਰ ਅਵਾਮੀ ਕਲਾ ਕੇਂਦਰ ਦਾ ਨਿਸ਼ਾਨਾ ਹੈ ਕਿ ਕਲਾ ਦਾ ਸੁਨੇਹਾ ਅਵਾਮੀ ਜਥੇਬੰਦੀਆਂ ਦੇ ਸਹਿਯੋਗ ਨਾਲ ਗਰੀਬ ਬਸਤੀਆਂ ਵਿਚ, ਚੰਡੀਗੜ੍ਹ ਦੇ ਆਸਪਾਸ ਦੇ ਪਿੰਡਾਂ ਵਿਚ ਵੀ ਲਿਜਾਇਆ ਜਾਏ। ਇਨ੍ਹਾਂ ਬਸਤੀਆਂ ਦੇ ਲੋਕ, ਪਿੰਡਾਂ ਦੇ ਲੋਕ ਟੈਗੋਰ ਥੀਏਟਰ ਵਿਚ ਨਹੀਂ ਆ ਸਕਦੇ ਤੇ ਨਾ ਹੀ ਹੋਰ ਆਡੀਟੋਰੀਅਮ ਤਕ ਇਨ੍ਹਾਂ ਲੋਕਾਂ ਦੀ ਪਹੁੰਚ ਹੋ ਸਕਦੀ ਹੈ। ਅਵਾਮੀ ਕਲਾ ਕੇਂਦਰ ਇਹ ਲੋੜ ਪੂਰੀ ਕਰੇਗਾ। ਇਸ ਕੰਮ ਲਈ ਕੋਸ਼ਿਸ਼ ਕਰਕੇ ਉਹ ਸਾਧਨ ਆਪ ਜੁਟਾਏਗਾ। ਇਸ ਕਲਾ ਕੇਂਦਰ ਦਾ ਯਕੀਨ ਹੈ ਕਿ ਲੋਕਾਂ ਵਿਚ ਜਾਵਾਂਗੇ ਤੇ ਲੋਕ ਪੂਰਾ ਸਹਿਯੋਗ ਦੇਣਗੇ। ਖਪਤ ਕਲਚਰ ਦੇ ਮੁਕਾਬਲੇ ਵਿਚ ਇਸ ਕਲਾ ਕੇਂਦਰ ਦਾ ਸਵਾਗਤ ਕਰਨ ਬਣਦਾ ਹੈ। ਕਾਜ਼ੀ ਨਜ਼ਰੁਲ ਇਸਲਾਮ ਨੇ ਹੀ ਆਪਣੀ ਇਕ ਹੋਰ ਕਵਿਤਾ 'ਪਾਇਲਟ ਸਾਵਧਾਨ' ਵਿਚ ਇਹ ਚੁਣੌਤੀ ਕਲਾਕਾਰਾਂ ਲਈ ਦਿੱਤੀ ਸੀ:-

**ਬੇਸਹਾਰਾ ਰਾਸ਼ਟਰ ਡੁੱਬ ਰਿਹਾ ਹੈ**<br>
**ਉਹ ਨਹੀਂ ਜਾਣਦੇ ਤਰਨਾ**<br>
**ਓ ਮਲਾਹ,**<br>
**ਇਹ ਸਮਾਂ ਹੈ ਸਾਬਤ ਕਰਨ ਦਾ**<br>
**ਤੇਰੀਆਂ ਬਾਹਵਾਂ ਵਿਚ ਜ਼ੋਰ ਹੈ**<br>
**ਬੇੜੀ ਨੂੰ ਪਾਰ ਲਗਾਉਣ ਦਾ**

ਅਵਾਮੀ ਕਲਾ ਕੇਂਦਰ ਦੇ ਕਲਾਕਾਰ ਇਹ ਚੁਣੌਤੀ ਕਬੂਲ ਕਰਨ ਦਾ ਇਰਾਦਾ ਰੱਖਦੇ ਹਨ। ਪੰਜਾਬ ਵਿਚ ਬੜੀ ਦੇਰ ਤੋਂ ਇਹ ਕੰਮ ਪਲਸ ਮੰਚ ਕਰ ਰਿਹਾ ਹੈ। ਚੰਡੀਗੜ੍ਹ ਵਿਚ ਇਹ ਕੰਮ ਅਵਾਮੀ ਕਲਾ ਕੇਂਦਰ ਕਰੇਗਾ। ਚੰਡੀਗੜ੍ਹ ਵਿਚ ਰਹਿੰਦੇ ਪਰਵਾਸੀਆਂ ਦੀ ਇਹਦੇ ਵਿਚ ਸ਼ਮੂਲੀਅਤ ਹੋਵੇਗੀ।

26-May 2008